## ਲੈਟਰ ਗਰੇਡਜ਼ ਬਾਰੇ ਸਵਾਲ ਅਤੇ ਜਵਾਬ

### ਮੈਨੂੰ ਆਪਣੇ ਬੱਚੇ ਦਾ ਰਿਪੋਰਟ ਕਾਰਡ ਕਿੰਨੀ ਕੁ ਵਾਰੀ ਮਿਲੇਗਾ?

ਰਸਮੀ ਤੌਰ `ਤੇ ਰਿਪੋਰਟ ਦੇਣ ਦੇ ਸਮੇਂ ਸਾਲ ਵਿਚ 3 ਵਾਰੀ ਹਨ: ਦਸੰਬਰ, ਮਾਰਚ ਅਤੇ ਜੂਨ ਵਿਚ।

ਮਾਪਿਆਂ ਅਤੇ ਟੀਚਰਾਂ ਦੀਆਂ ਆਮ ਤੌਰ `ਤੇ 2 ਕਾਨਫਰੰਸਾਂ ਹੁੰਦੀਆਂ ਹਨ: ਇਕ ਪੱਤਝੜ ਰੁੱਤ ਵਿਚ ਅਤੇ ਇਕ ਬਹਾਰ ਰੁੱਤ ਵਿਚ। ਕੁਝ ਸਕੂਲ ਆਰਜ਼ੀ ਜਾਂ ਗੈਰਰਸਮੀ ਰਿਪੋਰਟਾਂ ਵੀ ਭੇਜਦੇ ਹਨ।

### ਮਾਪਿਆਂ ਅਤੇ ਟੀਚਰਾਂ ਦੀਆਂ ਕਾਨਫਰੰਸਾਂ ਕੀ ਹਨ?

ਮਾਪੇ ਆਪਣੇ ਬੱਚੇ ਦੀ ਤਰੱਕੀ ਬਾਰੇ ਗੱਲ ਕਰਨ, ਟੀਚੇ ਤਹਿ ਕਰਨ ਅਤੇ ਜਾਣਕਾਰੀ ਦਾ ਅਦਾਨ ਪ੍ਰਦਾਨ ਕਰਨ ਲਈ ਟੀਚਰ ਨੂੰ ਮਿਲਦੇ ਹਨ। ਮਾਪੇ ਆਪਣੇ ਬੱਚੇ ਦੀ ਪੜ੍ਹਾਈ ਨਾਲ ਸੰਬੰਧਿਤ ਕਿਸੇ ਵੀ ਫਿਕਰ ਬਾਰੇ ਗੱਲ ਕਰ ਸਕਦੇ ਹਨ।

ਮਾਪੇ ਅਤੇ ਟੀਚਰਾਂ ਦੀਆਂ ਕਾਨਫਰੰਸਾਂ, ਆਪਣੇ ਬੱਚੇ ਦੀ ਤਰੱਕੀ ਬਾਰੇ ਟੀਚਰਾਂ ਨਾਲ ਗੱਲ ਕਰਨ ਲਈ ਮਾਪਿਆਂ ਨੂੰ ਇਕ ਵਧੀਆ ਮੌਕਾ ਪ੍ਰਦਾਨ ਕਰਦੀਆਂ ਹਨ।

**ਰਿਪੋਰਟਾਂ ਆਉਣ ਦੀਆਂ ਤਰੀਕਾਂ, ਕਾਨਫਰੰਸ ਦੀਆਂ ਤਰੀਕਾਂ ਅਤੇ ਹੋਰ ਚੀਜ਼ਾਂ ਲਈ ਆਪਣੇ ਬੱਚੇ ਦੇ ਸਕੂਲ ਦਾ ਕਲੰਡਰ ਜਾਂ ਨਿਊਜ਼ਲੈਟਰ ਦੇਖੋ।**

### ਮੇਰੇ ਬੱਚੇ ਨੂੰ ਲੈਟਰ ਗਰੇਡ ਕਿਉਂ ਨਹੀਂ ਮਿਲ ਰਹੇ?

ਵਿਦਿਆਰਥੀਆਂ ਨੂੰ ਲੈਟਰ ਗਰੇਡ ਨਹੀਂ ਮਿਲਦੇ ਜੇ

- ਉਹ ਗਰੇਡ 3 ਜਾਂ ਹੇਠਾਂ ਦੇ ਗਰੇਡ ਵਿਚ ਹਨ।
- ਉਹ ਅੰਗਰੇਜ਼ੀ ਵਿਚ ਬਹੁਤ ਕਮਜ਼ੋਰ ਹਨ।
- ਉਹ ਆਪਣੇ ਗਰੇਡ ਦੇ ਪੱਧਰ `ਤੇ ਅੰਗਰੇਜ਼ੀ ਵਿਚ ਆਪਣੀ ਸਮਝ ਦਾ ਪ੍ਰਦਰਸ਼ਨ ਨਹੀਂ ਕਰ ਸਕਦੇ।

VSB

**“Common Questions About Letter Grades for ESL/ELL Students”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਈ ਐੱਸ ਐੱਲ ਦੇ ਵਿਦਿਆਰਥੀਆਂ ਲਈ ਲੈਟਰ ਗਰੇਡਜ਼ ਬਾਰੇ ਪੁੱਛੇ ਜਾਂਦੇ ਆਮ ਸਵਾਲ



## ਲੈਟਰ ਗਰੇਡਜ਼ ਕਿਸ ਨੂੰ ਮਿਲਦੇ ਹਨ?

ਲੈਟਰ ਗਰੇਡਜ਼ (ਅੱਖਰਾਂ ਨਾਲ ਦਰਜੇ) ਗਰੇਡ 4 ਤੋਂ ਗਰੇਡ 12 ਤੱਕ ਦੇ ਬਹੁਤੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ ਅਤੇ ਜਿਹੜੇ ਗਰੇਡ ਪੱਧਰ ਦੀਆਂ ਆਸਾਂ ਪੂਰੀਆਂ ਕਰਨ ਦੇ ਯੋਗ ਹੁੰਦੇ ਹਨ।

## ਕਿਨ੍ਹਾਂ ਵਿਦਿਆਰਥੀਆਂ ਨੂੰ ਲੈਟਰ ਗਰੇਡਜ਼ ਨਹੀਂ ਮਿਲਦੇ?

ਕਿੰਡਰਗਾਰਟਨ ਤੋਂ ਗਰੇਡ 3 ਤੱਕ ਦੇ ਵਿਦਿਆਰਥੀਆਂ, ਖਾਸ ਪ੍ਰੋਗਰਾਮਾਂ ਦੇ ਵਿਦਿਆਰਥੀਆਂ, ਅਤੇ ਈ ਐੱਸ ਐੱਲ ਦੇ ਨਵੇਂ ਵਿਦਿਆਰਥੀਆਂ ਨੂੰ ਲੈਟਰ ਗਰੇਡਜ਼ (ਅੱਖਰਾਂ ਨਾਲ ਦਰਜੇ) ਨਹੀਂ ਮਿਲਦੇ।

## ਗਰੇਡ 4 ਤੋਂ ਗਰੇਡ 12 ਤੱਕ ਦੇ ਈ ਐੱਸ ਐੱਲ ਵਿਦਿਆਰਥੀਆਂ ਨੂੰ ਕਿਹੜੇ ਲੈਟਰ ਗਰੇਡ ਮਿਲਦੇ ਹਨ?

ਜੇ ਵਿਦਿਆਰਥੀ ਗਰੇਡ ਪੱਧਰ ਦੀਆਂ ਆਸਾਂ ਪੂਰੀਆਂ ਕਰਦੇ ਹੋਣ ਤਾਂ ਉਨ੍ਹਾਂ ਨੂੰ ਇਹ ਲੈਟਰ ਗਰੇਡਜ਼ (ਅੱਖਰਾਂ ਨਾਲ ਦਰਜੇ) ਮਿਲਦੇ ਹਨ: ਏ, ਬੀ, ਸੀ+ ਸੀ, ਸੀ- ਜਾਂ ਆਈ। ਜਿਹੜੇ ਵਿਦਿਆਰਥੀ ਅਜੇ ਵੀ ਗਰੇਡ ਪੱਧਰ ਦੀਆਂ ਆਸਾਂ ਲਈ ਕੰਮ ਕਰ ਰਹੇ ਹੋਣ ਤਾਂ ਉਨ੍ਹਾਂ ਨੂੰ ਤਾਰਾ-ਚਿੰਨ੍ਹ, ਸਟਾਰ, ਜਾਂ ਐੱਨ/ਏ {ਲਾਗੂ ਨਹੀਂ ਹੁੰਦਾ} ਮਿਲਦੇ ਹਨ। ਉਨ੍ਹਾਂ ਨੂੰ ਕੰਮ ਕਰਨ ਦੀ ਆਦਤ ਦਾ ਅੱਖਰ ਵੀ ਮਿਲੇਗਾ, ਜੀ, ਐੱਸ, ਜਾਂ ਐੱਨ।

**ਜੀ - ਚੰਗਾ**

**ਐੱਸ - ਸੰਤੁਸ਼ਟੀਜਨਕ**

**ਐੱਨ - ਸੁਧਾਰ ਦੀ ਲੋੜ ਹੈ**

ਮੁਢਲੇ ਰਿਪੋਰਟ ਕਾਰਡਾਂ ਦੇ ਨਾਲ ਨਾਲ ਇਕ ਵਾਧੂ ਈ ਐੱਸ ਐੱਲ ਰਿਪੋਰਟ ਵੀ ਅਕਸਰ ਸ਼ਾਮਲ ਹੁੰਦੀ ਹੈ। ਇਹ ਅੰਗਰੇਜ਼ੀ ਸੁਣਨ, ਬੋਲਣ, ਪੜ੍ਹਨ ਅਤੇ ਲਿਖਣ ਦੇ ਖੇਤਰਾਂ ਵਿਚ ਤਰੱਕੀ ਬਾਰੇ ਦੱਸਦੀ ਹੈ।

## ਕੀ ਈ ਐੱਸ ਐੱਲ ਕਲਾਸਾਂ ਵਿਦਿਆਰਥੀਆਂ ਨੂੰ ਹਾਈ ਸਕੂਲ ਮੁਕਾਉਣ ਜਾਂ ਆਪਣੀ ਪੜ੍ਹਾਈ ਜਾਰੀ ਰੱਖਣ ਤੋਂ ਰੋਕਦੀਆਂ ਹਨ?

ਨਹੀਂ, ਹਾਈ ਸਕੂਲ ਮੁਕਾਉਣ ਲਈ ਉਮਰ ਦੀ ਕੋਈ ਹੱਦ ਨਹੀਂ ਹੈ। ਬਹੁਤੇ ਸਕੂਲ ਬੋਰਡ, ਬਾਲਗਾਂ ਅਤੇ ਜ਼ਿਆਦਾ ਉਮਰ ਦੇ ਵਿਦਿਆਰਥੀਆਂ (19 ਸਾਲ ਤੋਂ ਵੱਧ) ਲਈ ਹਾਈ ਸਕੂਲ ਮੁਕਾਉਣ ਦੇ ਪ੍ਰੋਗਰਾਮ ਪੇਸ਼ ਕਰਦੇ ਹਨ। ਜੇ ਤੁਹਾਨੂੰ ਕੋਈ ਫਿਕਰ ਹੋਵੇ ਤਾਂ ਆਪਣੇ ਬੱਚੇ ਦੇ ਕੌਂਸਲਰ ਨਾਲ ਗੱਲ ਕਰੋ।

## ਕੀ ਮੇਰੇ ਬੱਚੇ ਲਈ ਇਹ ਬਿਹਤਰ ਹੈ ਕਿ ਉਹ ਈ ਐੱਸ ਐੱਲ ਵਿੱਚੋਂ ਛੇਤੀ ਨਿਕਲੇ ਅਤੇ ਆਪਣੇ ਗਰੇਡ ਦੇ ਪੱਧਰ `ਤੇ ਪੜ੍ਹਾਈ ਕਰੇ?

ਜਿਹੜੇ ਵਿਦਿਆਰਥੀਆਂ ਨੂੰ ਈ ਐੱਸ ਐੱਲ ਮਦਦ ਮਿਲਦੀ ਹੈ ਅਤੇ ਜਿਹੜੇ ਜ਼ਬਾਨ ਦੇ ਹੁਨਰ ਵਧੀਆ ਵਿਕਸਤ ਕਰ ਲੈਂਦੇ ਹਨ, ਉਹ ਆਪਣੇ ਗਰੇਡ ਪੱਧਰ ਦੀਆਂ ਕਲਾਸਾਂ ਵਿਚ ਈ ਐੱਸ ਐੱਲ ਬਹੁਤ ਛੇਤੀ ਛੱਡ ਜਾਣ ਵਾਲੇ ਵਿਦਿਆਰਥੀਆਂ ਨਾਲੋਂ ਬਿਹਤਰ ਰਹਿੰਦੇ ਹਨ।

ਖੋਜ ਇਹ ਦਿਖਾਉਂਦੀ ਹੈ ਕਿ ਅਕਾਦਮਿਕ ਕੰਮ ਕਾਮਯਾਬੀ ਨਾਲ ਕਰਨ ਲਈ ਜਿਸ ਕਿਸਮ ਦੀ ਜ਼ਬਾਨ ਦੀ ਲੋੜ ਹੁੰਦੀ ਹੈ, ਉਸ ਨੂੰ ਸਿੱਖਣ ਲਈ 5 ਜਾਂ ਜ਼ਿਆਦਾ ਸਾਲ ਲੱਗ ਸਕਦੇ ਹਨ।

ਈ ਐੱਸ ਐੱਲ ਮਦਦ ਨੂੰ ਬਹੁਤ ਛੇਤੀ ਛੱਡ ਦੇਣ ਨਾਲ ਵਿਦਿਆਰਥੀਆਂ `ਤੇ ਬੋਝ ਪੈ ਸਕਦਾ ਹੈ ਅਤੇ ਉਨ੍ਹਾਂ ਦੀ ਤਰੱਕੀ ਅਤੇ ਪ੍ਰਾਪਤੀਆਂ ਲੇਟ ਹੋ ਜਾਣ ਦੀ ਸੰਭਾਵਨਾ ਹੁੰਦੀ ਹੈ।

ਈ ਐੱਸ ਐੱਲ ਮਦਦ, ਗਰੇਡ ਪੱਧਰ ਦੀਆਂ ਕਲਾਸਾਂ ਵਿਚ ਕਾਮਯਾਬ ਹੋਣ ਲਈ ਅੰਗਰੇਜ਼ੀ ਦੇ ਲੋੜੀਂਦੇ ਹੁਨਰਾਂ ਦੀ ਚੰਗੀ ਨੀਂਹ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ।

ਈ ਐੱਸ ਐੱਲ ਮਦਦ, ਹਿਸਾਬ, ਸਮਾਜਿਕ ਅਧਿਐਨ ਅਤੇ ਸਾਇੰਸ ਵਰਗੇ ਵਿਸ਼ਿਆਂ ਦੀ ਖਾਸ ਭਾਸ਼ਾ ਸਿਖਾਉਂਦੀ ਹੈ।

ਹੋਰ ਈ ਐੱਸ ਐੱਲ ਵਿਦਿਆਰਥੀਆਂ ਨਾਲ ਰਲ ਕੇ ਸਿੱਖਣ ਨਾਲ ਹਰ ਇਕ ਵਿਦਿਆਰਥੀ ਇਹ ਸਮਝ ਸਕਦਾ ਹੈ ਕਿ ਦੂਜਿਆਂ ਨੂੰ ਵੀ ਇਹੋ ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਈ ਐੱਸ ਐੱਲ ਦੇ ਬਹੁਤ ਵਿਦਿਆਰਥੀ ਸਰੀਰਕ ਸਿਖਿਆ, ਕਲਾ ਅਤੇ ਸੰਗੀਤ ਵਰਗੇ ਵਿਸ਼ਿਆਂ ਲਈ ਗਰੇਡ ਪੱਧਰ ਦੀਆਂ ਕਲਾਸਾਂ ਹੀ ਲਾਉਂਦੇ ਹਨ। ਇਨ੍ਹਾਂ ਕਲਾਸਾਂ ਲਈ ਅੰਗਰੇਜ਼ੀ ਦੀ ਘੱਟ ਲੋੜ ਹੁੰਦੀ ਹੈ ਅਤੇ ਵਿਦਿਆਰਥੀ ਅਕਸਰ ਚੰਗੀ ਕਾਰਗੁਜ਼ਾਰੀ ਦਿਖਾਉਂਦੇ ਹਨ।

## ਮੈਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦਾ/ਸਕਦੀ ਹਾਂ?

- ਮਾਂ ਬੋਲੀ ਜਾਂ ਘਰ ਵਿਚ ਬੋਲੀ ਜਾਂਦੀ ਜ਼ਬਾਨ ਵਿਕਸਤ ਕਰਨਾ ਜਾਰੀ ਰੱਖੋ।
- ਇਹ ਅਹਿਸਾਸ ਕਰੋ ਕਿ ਤੁਹਾਡੇ ਬੱਚੇ ਨੂੰ ਸਮਾਜਿਕ ਤੌਰ `ਤੇ, ਜਜ਼ਬਾਤੀ ਤੌਰ `ਤੇ ਅਤੇ ਅਕਾਦਮਿਕ ਤੌਰ `ਤੇ ਇਕ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਦੀਆਂ ਕਾਮਯਾਬੀਆਂ ਦਾ ਜਸ਼ਨ ਮਨਾਉ ਅਤੇ ਆਪਣੀ ਮਦਦ ਦਿਉ।
- ਆਪਣੇ ਬੱਚੇ ਨਾਲ ਕਮਿਉਨਟੀ ਅਤੇ ਸਕੂਲ ਦੇ ਪ੍ਰੋਗਰਾਮਾਂ ਵਿਚ ਹਿੱਸਾ ਲਵੋ।